**Media Release** CBSC CCNR Canadian Broadcast Standards Council / Conseil canadien des normes de la radiotélévision **Communiqué**

---

**ਕੈਨੇਡਿਅਨ ਬਰਾਡਕਾਸਟ ਸਟੈਂਡਰਡਸ ਕੌਂਸ਼ਲ ਨੇ ਕਿਹਾ ਹੈ ਕਿ ਸਮਲਿੰਗਕ ਵਿਅਕਤੀਆਂ ਬਾਰੇ ਨਾਹਪੱਖੀ ਟਿਪਣੀਆਂ ਬਰਾਡਕਾਸਟ ਹਿਉਮਨ ਰਾਈਟਸ ਕਲਾਜ਼ (ਪ੍ਰਸਾਰਣ ਵਿੱਚ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਬਾਰੇ ਧਾਰਾ) ਦੀ ਉਲੰਘਣਾ ਕਰਦੀਆਂ ਹਨ**

*ਓਟਾਵਾ, ਨਵੰਬਰ 18, 2008* – ਕੈਨੇਡਿਅਨ ਬਰਾਡਕਾਸਟ ਸਟੈਂਡਰਡਸ ਕੌਂਸ਼ਲ (CBSC) ਨੇ 31 ਜਨਵਰ੍ਰੀ 2008 ਨੂੰ CKYE-FM (ਰੈਡ ਐੱਫ਼ ਐੱਮ) (ਵੈਨਕੂਵਰ) ਤੋਂ ਪ੍ਰਸਾਰਿਤ ਇੱਕ ਅੰਗਰੇਜ਼ੀ – ਪੰਜਾਬੀ ਓਪਨ ਲਾਈਨ ਪ੍ਰੋਗਰਾਮ *ਹਰਜਿੰਦਰ ਥੀਂਦ ਸ਼ੋਅ* ਦੇ ਇੱਕ ਐਪੀਸੋਡ (ਨਾਟ–ਲੜੀ) ਬਾਰੇ ਆਪਣੇ ਇੱਕ ਫੈਸਲੇ ਨੂੰ ਜਾਰੀ ਕੀਤਾ ਹੈ। ਉਸ ਦਿਨ ਦਾ ਵਿਸ਼ਾ ਪਾਠਕ੍ਰਮ ਵਿੱਚ ਸਮਲਿੰਗਕਾਮੁਕਤਾ ਦੀ ਸਹੀ ਪੇਸ਼ਕਾਰੀ ਯਕੀਨੀ ਬਣਾਉਣ ਲਈ ਬ੍ਰਿਟਿਸ਼ ਕੋਲੰਬੀਆ ਸਕੂਲ ਦੇ ਪਾਠਕ੍ਰਮ ਵਿੱਚ ਸੰਭਾਵੀ ਤਬਦੀਲੀਆਂ ਨਾਲ ਨਿਬੜਨ ਲਈ ਇੱਕ ਸੈਟਲਮੈਂਟ ਐਗਰੀਮੈਂਟ (ਫੈਸਲੇ ਬਾਰੇ ਸਹਿਮਤੀ) ਸੀ। CBSC ਨੇ ਇਹ ਨਤੀਜਾ ਕੱਢਿਆ ਕਿ ਇਸ ਕਾਲ–ਇਨ ਪ੍ਰੋਗਰਾਮ (ਜਿਸ ਵਿੱਚ ਸਰੋਤੇ ਕਾਲ ਕਰ ਸਕਦੇ ਹਨ) ਦੌਰਾਨ ਸਮਲਿੰਗਕਾਮੀ ਵਿਅਕਤੀਆਂ ਵਿਰੁੱਧ ਕੀਤੀਆਂ ਗਈਆਂ ਕੁਝ ਵਿਸ਼ੇਸ਼ ਨਾਂਹਪੱਖੀ ਟਿਪੱਣੀਆਂ ਨਾਲ ਕੈਨੇਡਿਅਨ ਐਸੋਸਿਏਸ਼ਨ ਆਫ਼ ਬਰਾਡਕਾਸਟਰਸ ਦੇ *ਕੋਡ ਆਫ਼ ਐਥਿਕਸ* (ਸਦਾਚਾਰ ਬਾਰੇ ਨੇਮਾਂ) ਦੀ ਮਨੁੱਖੀ ਅਧਿਕਾਰਾਂ ਬਾਰੇ ਧਾਰਾ ਦੀ ਉਲੰਘਣਾ ਕੀਤੀ ਗਈ ਹੈ।

*ਹਰਜਿੰਦਰ ਥੀਂਦ ਸ਼ੋਅ* ਵਿੱਚ, ਮੇਜ਼ਬਾਨ, ਮਹਿਮਾਨ ਅਤੇ ਕਾਲਰ ਸਮਾਜਿਕ, ਸਿਖਿਅਕ ਅਤੇ ਸਭਿਆਚਾਰਿਕ ਮੁੱਦਿਆਂ ਬਾਰੇ ਚਰਚਾ ਕਰਦੇ ਹਨ। ਥੀਂਦ ਨੇ ਇੱਕ ਸੰਸਥਾ ਪੈਅਰੇਂਟਸ ਫ਼ਾਰ ਡੈਮੋਕਰੈਸੀ ਇਨ ਐਜੂਕੇਸ਼ਨ (ਸਿਖਿਆ ਵਿੱਚ ਲੋਕਤੰਤਰ ਦੇ ਹਾਮੀ ਮਾਤਾ–ਪਿਤਾ) ਜੋ ਪਾਠਕ੍ਰਮ ਵਿੱਚ ਤਜਵੀਜ਼ ਕੀਤੀਆਂ ਜਾ ਰਹੀਆਂ ਤਬਦੀਲੀਆਂ ਦੇ ਵਿਰੁੱਧ ਹੈ, ਦੇ ਇੱਕ ਪ੍ਰਤੀਨਿਧ ਨਾਲ ਇੰਟਰਵਿਉ ਕੀਤੀ। ਮਹਿਮਾਨ ਨੇ ਇਲਜ਼ਾਮ ਲਾਇਆ, ਕਿ ਬੀ ਸੀ ਸਰਕਾਰ ਨੇ "ਗੁਪਤ" ਰੂਪ ਵਿੱਚ ਇੱਕ ਸਮਲਿੰਗੀ ਜੋੜੇ ਨਾਲ ਇੱਕ ਇਕਰਾਰਨਾਮਾ ਕੀਤਾ ਹੈ, ਜਿਸ ਨਾਲ ਉਸ ਜੋੜੇ ਨੂੰ ਪਾਠਕ੍ਰਮ ਦਾ ਮੁੜ ਜਾਇਜ਼ਾ ਲੈਣ ਦੀ ਖੁਲ੍ਹ ਮਿਲ ਗਈ ਹੈ। ਉਸ ਨੇ ਇਸ ਗੱਲ ਤੇ ਵੀ ਜ਼ੋਰ ਪਾਇਆ, ਕਿ ਇਸ ਜਾਇਜ਼ੇ ਵਿੱਚ ਮਾਤਾ ਪਿਤਾ ਦਾ ਹਿੱਸਾ ਵੱਧ ਹੋਣਾ ਚਾਹੀਦਾ ਹੈ ਅਤੇ ਉਸਨੇ ਸਰੋਤਿਆਂ ਨੂੰ ਆਪਣਾ ਰੋਸ ਪ੍ਰਗਟ ਕਰਨ ਲਈ ਆਪਣੇ ਐੱਮਪੀਪੀਜ਼ (ਮੈਂਬਰ ਪਾਰਲੀਮੈਂਟ) ਅਤੇ ਸਕੂਲ ਬੋਰਡ ਦੇ ਅਧਿਕਾਰੀਆਂ ਨੂੰ ਚਿੱਠੀਆਂ ਲਿਖਣ ਲਈ ਉਤਸਾਹਿਤ ਵੀ ਕੀਤਾ। ਮੇਜ਼ਬਾਨ ਨੇ ਕੁਝ ਸਰੋਤਿਆਂ ਦੀਆਂ ਫ਼ੋਨ ਕਾਲਾਂ ਵੀ ਸੁਣੀਆਂ, ਜਿਨ੍ਹਾਂ ਵਿੱਚ ਬਹੁਤਿਆਂ ਨੇ ਮਹਿਮਾਨ ਦੀ ਰਾਇ ਦੀ ਹਿਮਾਇਤ ਕੀਤੀ। ਕਈ ਕਾਲਰਾਂ ਨੇ ਪੰਜਾਬੀ ਵਿੱਚ ਗੱਲਬਾਤ ਕੀਤੀ ਅਤੇ ਥੀਂਦ ਨੇ ਉਸਦਾ ਅੰਗਰੇਜ਼ੀ ਵਿੱਚ ਅਨੁਵਾਦ ਕੀਤਾ। ਇੱਕ ਕਾਲਰ ਨੇ ਪੰਜਾਬੀ ਵਿੱਚ ਕਿਹਾ, ਕਿ ਜਿਹੜੇ ਨੌਜਵਾਨ ਵਿਅਕਤੀ ਸਮਲਿੰਗੀਆਂ ਵਲ ਆਕਰਸ਼ਤ ਹੁੰਦੇ ਹਨ, ਉਹ "ਬੀਮਾਰ" ਹਨ ਅਤੇ ਸਮਲਿੰਗਕਾਮੀ ਲੋਕ ਇੱਕ 'ਥੋੜਾ ਜਿਹਾ ਬੀਮਾਰ ਗਰੁੱਪ' ਹਨ, ਜਦ ਕਿ ਇੱਕ ਹੋਰ ਨੇ ਇਹ ਇਲਜ਼ਾਮ ਲਾਇਆ, ਕਿ ਸਮਲਿੰਗਕਾਮੁਕਤਾ ਇੱਕ "ਬੀਮਾਰੀ" ਹੈ, ਜੋ ਏਡਜ਼ ਅਤੇ ਐੱਚ ਆਈ ਵੀ ਨੂੰ ਹੋਰ ਵੱਧ ਫੈਲਾਉਂਦੀ ਹੈ। ਮੇਜ਼ਬਾਨ ਦੇ ਖੁਲ੍ਹੇ ਅਨੁਵਾਦ ਵਿੱਚ ਟੈਲੀਫ਼ੋਨ ਕਰਨ ਵਾਲੇ ਕਾਲਰਾਂ ਵਲੋਂ ਲਾਏ ਗਏ ਇਲਜ਼ਾਮਾਂ ਬਾਰੇ ਕਿਸੇਤਰ੍ਹਾਂ ਦੀ ਵੀ ਕੋਈ ਟਿਪੱਣੀ ਜਾਂ ਉਨ੍ਹਾਂ ਨੂੰ ਸਹੀ ਕਰਨਾ ਸ਼ਾਮਿਲ ਨਹੀਂ ਸੀ।

CBSC ਨੂੰ ਇੱਕ ਅਜਿਹੇ ਵਿਅਕਤੀ ਵਲੋਂ ਸਮਲਿੰਗਕਾਮੁਕਤਾ ਸੰਬੰਧੀ ਟਿੱਪਣੀਆਂ ਬਾਰੇ ਸ਼ਿਕਾਇਤ ਮਿਲੀ ਹੈ, ਜੋ ਇਨ੍ਹਾਂ ਬਾਰੇ ਫ਼ਿਕਰਮੰਦ ਹੈ ਅਤੇ ਉਹ ਇਨ੍ਹਾਂ ਨੂੰ "ਨਾਂਹਪੱਖੀ ਅਤੇ ਗ਼ਲਤ ਵਿਚਾਰ" ਕਰਾਰ ਦੇਂਦਿਆਂ ਕਹਿੰਦਾ ਹੈ, ਕਿ ਇਨ੍ਹਾਂ ਨੂੰ ਉਸ "ਨਵੀਂ ਪ੍ਰਵਾਸੀ ਆਬਾਦੀ ਵਿੱਚ ਪਹੁੰਚਾਏ ਜਾ ਰਹੇ ਹਨ, ਜਿਨ੍ਹਾਂ ਨੂੰ ਕੈਨੇਡਿਅਨ *ਚਾਰਟਰ ਆਫ਼ ਰਾਈਟਜ਼* (ਵਿਸ਼ੇਸ਼ ਅਧਿਕਾਰਾਂ ਦਾ ਪੱਤਰ) ਅਤੇ ਸਾਡੇ ਭਾਈਚਾਰੇ ਬਾਰੇ ਬਿਹਤਰ

---

**Telephone: 613-233-4607** **Fax: 613-233-4826** **Email: info@cbsc.ca** **Web Site: www.cbsc.ca**

ਸਿਖਿਆ ਲੈਣ ਦੀ ਜ਼ਰੂਰਤ ਹੈ।” ਰੈਡ ਐੱਫ ਐੱਮ ਨੇ ਜਵਾਬ ਦਿੱਤਾ ਕਿ ਉਨ੍ਹਾਂ ਦਾ ਇਰਾਦਾ “ਇੱਕ ਨਿਆਂਕਾਰੀ ਅਤੇ ਸਤੁੰਲਤ ਪ੍ਰਤੀਨਿਧਤਾ” ਪੇਸ਼ ਕਰਨ ਅਤੇ “ਸਿਹਤਮੰਦ ਗੱਲਬਾਤ” ਨੂੰ ਉਤਸਾਹਿਤ ਕਰਨਾ ਸੀ।

CBSC ਦੀ ਬਿਟ੍ਰਿਸ਼ ਕੋਲੰਬੀਆ ਪੈਨਲ ਨੇ *ਕੈਬ ਕੋਡ ਆਫ਼ ਐਥਿਕਸ* ਦੀ ਧਾਰਾ 7 (ਕਲਾਜ਼ 7) (ਵਿਵਾਦਿਤ ਮੁੱਦਿਆਂ ਲਈ) ਅਤੇ ਧਾਰਾ 2 (ਕਲਾਜ਼ 2) (ਮਨੁੱਖੀ ਅਧਿਕਾਰਾਂ ਬਾਰੇ) ਤਹਿਤ ਸ਼ਿਕਾਇਤ ਦੀ ਜਾਂਚ ਪੜਤਾਲ ਕੀਤੀ। ਧਾਰਾ 7 ਅਨੁਸਾਰ ਵਿਵਾਦਿਤ ਮੁੱਦਿਆਂ ਨਾਲ ਈਮਾਨਦਾਰੀ ਨਾਲ ਨਿਬੜਨਾ ਜ਼ਰੂਰੀ ਹੈ ਜਦ ਕਿ ਧਾਰਾ 2 ਹੋਰ ਚੀਜ਼ਾਂ ਦੇ ਨਾਲ ਨਾਲ ਲਿੰਗਿਕ ਰੁਝਾਨ ਦੇ ਆਧਾਰ ਤੇ, ਬਹੁਤ ਜ਼ਿਆਦਾ ਅਪਮਾਨਜਨਕ ਜਾਂ ਪੱਖਪਾਤੀ ਟਿੱਪਣੀ ਕਰਨ ਤੇ ਪਾਬੰਦੀ ਲਾਂਦੀ ਹੈ।

ਪੈਨਲ ਨੂੰ ਧਾਰਾ 7 ਦੀ ਕੋਈ ਉਲੰਘਣਾ ਨਹੀਂ ਮਿਲੀ। ਉਨ੍ਹਾਂ ਨੇ ਨਿਰਣਾ ਕੀਤਾ ਕਿ

> ਇੰਟਰਵਿਊ *[ਮਹਿਮਾਨ ਨਾਲ]* ਵਿੱਚ ਇਤਰਾਜ਼ ਯੋਗ ਕੁਝ ਨਹੀਂ ਸੀ। ਕੀ ਸੂਬਾਈ ਸਰਕਾਰ ਨੂੰ ਬੀ ਸੀ ਸਕੂਲ ਦੇ ਪਾਠਕ੍ਰਮ ਵਿੱਚ ਸਮਲਿੰਗਕਾਮੁਕਤਾ ਦੀ ਪ੍ਰਤੀਨਿਧਤਾ ਨੂੰ ਵੱਧ ਦ੍ਰਿੜਤਾ ਨਾਲ ਹਿਮਾਇਤ ਦੇਣੀ ਚਾਹੀਦੀ ਸੀ ਜਾਂ ਨਹੀਂ, ਰੇਡੀਓ ਤੇ ਵਿਚਾਰ ਵਟਾਂਦਰਾ ਕਰਨ ਲਈ ਇੱਕ ਉਚਿਤ ਵਿਸ਼ਾ ਸੀ। ਇਸ ਤੋਂ ਇਲਾਵਾ, ਕਥਿਤ ਤੌਰ ਤੇ ਬਿਨਾਂ ਪ੍ਰਚਾਰ ਦੇ ਸਰਕਾਰ ਵਲੋਂ ਪਾਠਕ੍ਰਮ ਵਿੱਚ ਤਬਦੀਲੀ ਸ਼ੁਰੂ ਕਰਨ ਦੇ ਢੰਗ ਤਰੀਕੇ ਤੇ ਸਵਾਲ ਕਰਨਾ ਪੂਰੀ ਤਰ੍ਹਾਂ ਵਾਜਿਬ ਸੀ।

ਇਸ ਇਲਜ਼ਾਮ ਬਾਰੇ ਕਿ ਸੈਟਲਮੈਂਟ ਐਗਰੀਮੈਂਟ (ਫੈਸਲੇ ਬਾਰੇ ਸਹਿਮਤੀ) ਗੁਪਤ ਰੂਪ ਵਿੱਚ ਕੀਤਾ ਗਿਆ ਹੈ, ਥੋੜੇ ਜਿਹੇ ਸੰਕੋਚ ਦੇ ਨਾਲ, ਅਸਲ ਵਿੱਚ ਜਦੋਂ ਇਸ ਵਿਸ਼ੇ ਨੂੰ ਸਭ ਖ਼ਬਰਾਂ ਵਿੱਚ ਥਾਂ ਮਿਲੀ ਤਾਂ ਪੈਨਲ ਇਸ ਨਤੀਜੇ ਤੇ ਪੁੱਜੀ ਕਿ, “31 ਜਨਵਰੀ ਨੂੰ ਸਕੂਲ ਪਾਠਕ੍ਰਮ ਬਾਰੇ ਹੋਈ ਚਰਚਾ ਵਿੱਚ, ਬਹਿਸ ਦਾ ਕੋਈ ਪੱਖ ਵੀ ਧਾਰਾ 7 ਦੀ ਉਲੰਘਣਾ ਦੇ ਨੇੜੇ ਤੇੜੇ ਨਹੀਂ ਪਹੁੰਚਿਆ ਸੀ।” ਇਸ ਨੇ ਇਹ ਵੀ ਸਵੀਕਾਰ ਕੀਤਾ ਕਿ ਸਟੇਸ਼ਨ ਨੂੰ ਸਰਕਾਰ ਦੀ ਕਾਰਵਾਈ ਦੀ ਵਿਰੋਧਤਾ ਕਰਨ ਵਾਲੀਆਂ ਰਾਵਾਂ ਨੂੰ ਪ੍ਰਸਾਰਤ ਕਰਨ ਦਾ ਅਧਿਕਾਰ ਸੀ ਅਤੇ ਉਸਨੇ ਨੋਟ ਕੀਤਾ ਕਿ ਪ੍ਰਗਰਾਮ ਵਿੱਚ ਦੋ ਸਰੋਤਿਆਂ ਵਲੋਂ ਫ਼ੋਨ ਤੇ ਕਾਲਾਂ ਸ਼ਾਮਿਲ ਸਨ, ਜਿਨ੍ਹਾਂ ਨੇ ਸਰਕਾਰ ਦੀ ਹਿਮਾਇਤ ਕੀਤੀ ਸੀ ਜਿਸ ਨਾਲ ਧਾਰਾ ਤਹਿਤ ਜ਼ਰੂਰੀ ਸਤੁੰਲਨ ਕਾਇਮ ਹੋ ਗਿਆ ਸੀ।

ਧਾਰਾ 2 ਦੇ ਸੰਬੰਧ ਵਿੱਚ ਪੈਨਲ ਨੇ ਕਿਹਾ, ਕਿ ਮਹਿਮਾਨਾਂ ਅਤੇ ਕਾਲਰਾਂ ਨੂੰ ਸਮਲਿੰਗਕਾਮੁਕਤਾ ਅਤੇ ਇਸਨੂੰ ਸਕੂਲ ਪਾਠਕ੍ਰਮ ਵਿੱਚ ਸ਼ਾਮਿਲ ਕੀਤੇ ਜਾਣ ਬਾਰੇ ਆਪਣੇ ਇਤਰਾਜ਼ ਪ੍ਰਸਾਰਿਤ ਕਰਨ ਦੀ ਆਗਿਆ ਦਿੱਤੀ ਗਈ ਸੀ। ਪਰ ਇਨ੍ਹਾਂ ਦੋ ਕਾਲਰਾਂ ਨੇ ਉਸ ਸਮੇਂ ਆਪਣੀ ਸੀਮਾ ਪਾਰ ਕਰ ਲਈ ਜਦੋਂ ਉਨ੍ਹਾਂ ਨੇ ਸਮਲਿੰਗਕ ਵਿਅਕਤੀਆਂ ਦਾ ਜ਼ਿਕਰ ਕਰਦਿਆਂ ਉਨ੍ਹਾਂ ਨੂੰ “ਬੀਮਾਰ” ਅਤੇ ਬੀਮਾਰੀ ਫੈਲਾਉਣ ਲਈ ਜ਼ਿੰਮੇਵਾਰ ਠਹਿਰਾਇਆ। ਪੈਨਲ ਨੇ ਇਹ ਗੱਲ ਮੰਨੀ ਕਿ ਪ੍ਰੋਗਰਾਮ ਮੁੱਖਧਾਰਾ ਦੇ ਮੀਡੀਆ ਤੋਂ ਵੱਖ ਸਰੋਤਿਆਂ ਲਈ ਸੀ, ਪਰ ਫਿਰ ਵੀ ਇਸ ਨੇ ਧਾਰਾ 2 ਦੀ ਉਲੰਘਣਾ ਕੀਤੀ ਹੈ। ਇਸ ਨੇ ਆਪਣਾ ਫੈਸਲਾ ਹੇਠ ਲਿਖੇ ਸ਼ਬਦਾਂ ਵਿੱਚ ਦਿੱਤਾ ਹੈ:

> ਪੈਨਲ ਨੂੰ ਜਾਣਕਾਰੀ ਹੈ ਕਿ ਕੈਨੇਡਾ ਦੇ ਕੁਝ ਨਵੇਂ ਭਾਈਚਾਰਿਆਂ [...] ਦਾ ਸਮਲਿੰਗਕਾਮੁਕਤਾ ਦੇ ਮੁੱਦਿਆਂ ਬਾਰੇ ਨਜ਼ਰੀਆਂ ਕਾਫੀ ਰੂੜ੍ਹੀਵਾਦੀ ਹੈ। CBSC ਦੇ ਪੁਰਾਣੇ ਕੀਤੇ ਕਈ ਫੈਸਲੇ ਇਹ ਸਪਸ਼ਟ ਸੰਕੇਤ ਕਰਦੇ ਹਨ, ਕਿ ਇਹ ਸਥਿਤੀ ਮਨੁੱਖੀ ਅਧਿਕਾਰਾਂ ਬਾਰੇ ਧਾਰਾ (ਕਲਾਜ਼) ਦੇ ਪੱਖ ਤੋਂ ਉਦੋਂ ਕੋਈ ਸਮੱਸਿਆ ਪੇਸ਼ ਨਹੀਂ ਕਰਦੀ ਜਦੋਂ ਤਕ ਇਸ ਬਾਰੇ ਕੀਤੀਆਂ ਗਈਆਂ ਟਿਪਣੀਆਂ ਇਸ ਦੀ ਬਹੁਤ ਜ਼ਿਆਦਾ ਹਿਮਾਇਤ ਨਾ ਕਰਦੀਆਂ ਹੋਣ। ਇਸ ਮੌਜੂਦਾ ਮਾਮਲੇ ਵਿੱਚ ਪੈਨਲ ਦਾ ਇਹ ਵਿਚਾਰ ਹੈ, ਕਿ ‘ਗੇਅਜ਼’ (ਸਮਲਿੰਗੀ ਮਰਦ) ਅਤੇ ‘ਲੈਸਬਿਅਨਸ’ (ਸਮਲਿੰਗੀ ਔਰਤਾਂ) ਨੂੰ ਬੀਮਾਰ ਦੱਸਣਾ, ਸਮਲਿੰਗਕਾਮੁਕਤਾ ਦੀ ਬੀਮਾਰੀ ਨਾਲ ਤੁਲਨਾ ਕਰਨੀ ਅਤੇ ਸਮਲਿੰਗਕ ਵਿਅਕਤੀਆਂ ਨੂੰ ਏਡਜ਼ ਬੀਮਾਰੀ ਦਾ ਕਾਰਣ ਦੱਸਣ ਵਾਲੀਆਂ ਟਿੱਪਣੀਆਂ ਸਹਿਣਸ਼ੀਲਤਾ ਦੀ ਸੀਮਾ ਨੂੰ ਪਾਰ ਕਰਦੀਆ ਹਨ। ਉਹ ਅਪਮਾਨਜਨਕ ਅਤੇ ਪੱਖਪਾਤੀ ਹਨ। ਅਜਿਹੀਆਂ ਟਿੱਪਣੀਆਂ ਨੂੰ ਹਮੇਸ਼ਾ

> ਪ੍ਰਸਾਰਣ ਟੈਕਨਾਲੋਜੀ ਨਾਲ ਕੰਟਰੋਲ ਕੀਤਾ ਜਾ ਸਕਦਾ ਹੈ; ਪਰ ਜੇ ਕੋਈ ਕਾਲਰ ਅਜਿਹੀ ਟਿੱਪਣੀ ਕਰੇ, ਤਾਂ ਮੇਜ਼ਬਾਨ ਆਪਣੀ ਟਿੱਪਣੀ ਨਾਲ ਉਸਦੇ ਅਸਰ ਨੂੰ ਘੱਟ ਕਰਨ ਦੀ ਸਥਿਤੀ ਵਿੱਚ ਹੁੰਦਾ ਹੈ। ਇਸ ਹਥਲੇ ਮਾਮਲੇ ਵਿੱਚ ਇਹ ਮੌਕਾ ਦੂਹਰਾ ਉਪਲਬਧ ਸੀ, ਕਿਉਂਕਿ ਮੇਜ਼ਬਾਨ ਕਾਲਰਾਂ ਅਤੇ ਸਰੋਤਿਆਂ ਵਿੱਚਕਾਰ ਅਨੁਵਾਦਕ ਦਾ ਰੋਲ ਅਦਾ ਕਰ ਰਿਹਾ ਸੀ। ਉਸਨੂੰ *ਕੈਬ ਕੋਡ ਆਫ਼ ਐਥਿਕਿਸ* (ਕੈਬ ਦੇ ਸਦਾਚਾਰ ਬਾਰੇ ਨੇਮ) ਤਹਿਤ ਆਪਣੀਆਂ ਜ਼ਿੰਮੇਵਾਰੀਆਂ ਦਾ ਪਤਾ ਹੋਣਾ ਚਾਹੀਦਾ ਸੀ ਜਿਥੋਂ ਤਕ ਉਸਨੂੰ ਪਤਾ ਨਹੀਂ ਸੀ, ਪਰ ਇਹ ਯਕੀਨੀ ਬਣਾਉਣਾ ਕਿ ਅਜਿਹੀਆ ਟਿੱਪਣੀਆਂ ਪ੍ਰਸਾਰਿਤ ਨਾ ਹੋਣ, ਪ੍ਰਸਾਰਣ ਕਰਤਾ ਦੀ ਜ਼ਿੰਮੇਵਾਰੀ ਸੀ। ਇਸ ਘਟਨਾ ਵਿੱਚ, CKYE – ਐੱਫ ਐੱਮ ਦੀ ਇਨ੍ਹਾਂ ਟਿੱਪਣੀਆਂ ਨੂੰ ਕਟਣ ਵਿੱਚ ਨਾਕਾਮੀ ਹੀ *ਕੈਬ ਕੋਡ ਆਫ਼ ਐਥਿਕਸ* ਦੀ ਧਾਰਾ 2 (ਕਲਾਜ਼ 2) ਦੀ ਉਲੰਘਣਾ ਹੈ।

ਕੈਨੇਡਾ ਦੇ ਪ੍ਰਾਈਵੇਟ ਪ੍ਰਸਾਰਣਕਰਤਾਵਾਂ ਨੇ ਖ਼ੁਦ ਆਪ, ਸਦਾਚਾਰ, ਸਮਾਨਤਾ ਵਾਲੀ ਪੇਸ਼ਕਾਰੀ, ਟੈਲੀਵਿਯਨ ਹਿੰਸਾ, ਅਤੇ ਪੱਤਰਕਾਰੀ ਦੀ ਸੁਤੰਤਰਤਾ ਬਾਰੇ ਕੋਡਸ (ਨੇਮਾਂ) ਦੇ ਰੂਪ ਵਿੱਚ ਸਨਅੱਤ ਦੇ ਮਾਪਦੰਡ ਸਥਾਪਿਤ ਕੀਤੇ ਹਨ, ਅਤੇ ਉਹ ਆਸ ਕਰਦੇ ਹਨ, ਕਿ ਉਨ੍ਹਾਂ ਦੀ ਪਾਲਣਾ ਉਨ੍ਹਾਂ ਦੇ ਪੇਸ਼ੇ ਦੇ ਸਾਰੇ ਮੈਂਬਰ ਕਰਨਗੇ। 1990 ਵਿੱਚ, ਉਨ੍ਹਾਂ ਨੇ CBSC ਵੀ ਕਾਇਮ ਕੀਤੀ, ਜੋ ਕਿ ਇੱਕ ਸੈਲਫ਼ ਰੈਗੁਲੇਟਰੀ (ਆਪਣੇ ਨੇਮ ਬਣਾਉਣ ਵਾਲੀ) ਸੰਸਥਾ ਹੈ, ਅਤੇ ਜਿਸ ਦੀ ਉਨ੍ਹਾਂ ਪੇਸ਼ਾਵਰਾਨਾਂ ਪ੍ਰਸਾਰਣ ਨੇਮਾਂ ਨੂੰ ਲਾਗੂ ਕਰਨ ਦੇ ਨਾਲ RTNDA – (ਐਸੋਸਿਏਸ਼ਨ ਆਫ਼ ਇਲੈਕਟਰੋਨਿਕ ਜਰਨਲਿਸਟਸ) ਇਲੈਕਟਰੋਨਿਕ ਪੱਤਰਕਾਰਾਂ ਦੀ ਐਸੋਸਿਏਸ਼ਨ ਵਲੋਂ ਪੱਤਰਕਾਰੀ ਸਦਾਚਾਰ ਲਈ 1990 ਵਿੱਚ ਬਣਾਏ ਗਏ ਨੇਮਾਂ ਨਾਲ ਨਿਪਟਣ ਦੀ ਵੀ ਜ਼ਿੰਮੇਵਾਰੀ ਹੈ। 690 ਤੋਂ ਵੱਧ ਰੇਡੀਓ ਸਟੇਸ਼ਨ, ਸੈਟੇਲਾਈਟ ਰੇਡੀਓ ਸੇਵਾਵਾਂ, ਟੈਲੀਵਿਯਨ ਸਟੇਸ਼ਨਾਂ ਅਤੇ ਵਿਸ਼ੇਸ਼ ਕਰਕੇ ਪੂਰੇ ਕੈਨੇਡਾ ਤੋਂ ਸੇਵਾਵਾਂ, ਕੌਂਸਲ ਦੇ ਮੈਂਬਰ ਹਨ।

- 30 -

CBSC ਦੇ ਸਾਰੇ ਫੈਸਲੇ, ਕੋਡ, ਮੈਂਬਰਾਂ ਅਤੇ ਹੋਰ ਵੈਬਸਾਈਟਾਂ ਨਾਲ ਸੰਪਰਕ ਅਤੇ ਸੰਬੰਧਿਤ ਜਾਣਕਾਰੀ World Wide Web <www.cbsc.ca> ਤੇ ਉਪਲਬਧ ਹੈ। ਹੋਰ ਵੱਧ ਜਾਣਕਾਰੀ ਲਈ ਕਿਰਪਾ ਕਰਕੇ CBSC ਦੀ ਨੈਸ਼ਨਲ ਚੇਅਰ ਰੋਨ ਕੋਹੈਨ (Ron Cohen) ਨਾਲ (613) 233–4607 ਤੇ ਸੰਪਰਕ ਕਰੋ ਜਾਂ ਇਥੇ <ron.cohen@cbsc.ca> ਈ–ਮੇਲ ਭੇਜੋ।

**Telephone: 613-233-4607** **Fax: 613-233-4826** **Email: info@cbsc.ca** **Web Site: www.cbsc.ca**